# ਪੰਜਾਬੀ ਵਿੱਚ ਕੰਮ ਨਾ ਕਰਨ ਵਾਲੇ ਮੁਲਾਜ਼ਮ ਨੂੰ -ਰਾਜ ਭਾਸ਼ਾ ਐਕਟ ਦੀਆਂ ਵਰਤਮਾਨ ਵਿਵਸਥਾਵਾਂ ਅਨੁਸਾਰ -ਸਜ਼ਾ ਦੇਣਾ ਅਸੰਭਵ

-ਮਿੱਤਰ ਸੈਨ ਮੀਤ

ਕੀ ਦਫ਼ਤਰਾਂ ਵਿਚ ਪੰਜਾਬੀ ਵਿਚ ਕੰਮ-ਕਾਜ ਸਹੀ ਢੰਗ ਨਾਲ ਹੋ ਰਿਹਾ ਹੈ ਜਾਂ ਨਹੀਂ, ਇਹ ਪੜਤਾਲ ਕਰਨ ਦੀ ਸੀਮਾ ਸੀਮਿਤ ਹੈ। ਭਾਸ਼ਾ ਐਕਟ, 'ਭਾਸ਼ਾ ਵਿਭਾਗ ਦੇ ਡਾਇਰੈਕਟਰ ਜਾਂ ਉਸ ਵੱਲੋਂ ਨਾਮਜ਼ਦ ਕੀਤੇ ਕਿਸੇ ਅਧਿਕਾਰੀ' ਨੂੰ ਹੀ ਦਫ਼ਤਰਾਂ ਦੇ ਰਿਕਾਰਡ ਦੀ ਪੜਤਾਲ ਕਰਨ ਦਾ ਅਧਿਕਾਰ ਦਿੰਦਾ ਹੈ(ਧਾਰਾ 8-ਏ)। ਸਰਕਾਰੀ ਦਫ਼ਤਰਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਕਿਸੇ ਵਿਭਾਗ ਦਾ ਇਕੱਲਾ ਮੁਖੀ ਇਹ ਜ਼ਿੰਮੇਵਾਰੀ ਪ੍ਰਭਾਵਸ਼ਾਲੀ ਢੰਗ ਨਾਲ ਨਹੀਂ ਨਿਭਾ ਸਕਦਾ। ਇਸ ਲਈ ਡਾਇਰੈਕਟਰ ਭਾਸ਼ਾ ਵਿਭਾਗ ਨੇ ਆਪਣਾ ਇਹ ਅਧਿਕਾਰ ਜ਼ਿਲ੍ਹਾ ਭਾਸ਼ਾ ਅਫ਼ਸਰਾਂ ਨੂੰ ਦਿੱਤਾ ਹੋਇਆ ਹੈ। ਕਈ ਕਾਰਨਾਂ ਕਰਕੇ ਭਾਸ਼ਾ ਅਫ਼ਸਰ ਆਪਣੀ ਇਹ ਜ਼ਿੰਮੇਵਾਰੀ ਪ੍ਰਭਾਵਸ਼ਾਲੀ ਢੰਗ ਨਾਲ ਨਹੀਂ ਨਿਭਾ ਸਕਦੇ। ਪਹਿਲੀ ਦਿੱਕਤ ਕਾਨੂੰਨੀ ਹੈ। ਉਹ ਇਹ ਕਿ ਅਧਿਕਾਰੀ ਕਿਸ ਕੰਮ-ਕਾਜ ਦੀ ਪੜਤਾਲ ਕਰਨ?। ਅੰਗਰੇਜ਼ੀ ਪਾਠ ਅਨੁਸਾਰ ਜਾਂ ਪੰਜਾਬੀ ਪਾਠ ਅਨੁਸਾਰ। ਭਾਸ਼ਾ ਅਫ਼ਸਰ ਖੁਦ ਕਾਨੂੰਨ ਦੀ ਕਿਸ ਵਿਵਸਥਾ ਨੂੰ ਮੰਨਣ? ਦੂਜੀ ਸੱਮਸਿਆ ਵਿਹਾਰਕ ਹੈ। ਜੇ ਕੋਈ ਕਰਮਚਾਰੀ ਅੰਗਰੇਜ਼ੀ ਪਾਠ ਅਨੁਸਾਰ ਕੰਮ ਕਰਨ ਦੀ ਜ਼ਿੱਦ ਕਰੇ ਤਾਂ ਭਾਸ਼ਾ ਅਫ਼ਸਰ ਉਸ 'ਤੇ ਕੋਈ ਕਾਨੂੰਨੀ ਕਾਰਵਾਈ ਨਹੀਂ ਕਰ ਸਕਦਾ। ਇਹਨਾਂ ਅਫ਼ਸਰਾਂ ਦੇ ਕੌਡੀਆਂ ਵਾਲੇ ਸੱਪ ਬਣ ਜਾਣ ਦੇ ਕਈ ਕਾਰਨ ਹਨ। ਕਸੂਰਵਾਰ ਮੁਲਾਜ਼ਮ ਨੂੰ ਸਜ਼ਾ ਦੇਣ ਦੀ ਸਿਫ਼ਾਰਸ਼ ਕਰਨ ਦਾ ਅਧਿਕਾਰ ਭਾਸ਼ਾ ਵਿਭਾਗ ਦੇ ਕੇਵਲ ਡਾਇਰੈਕਟਰ ਨੂੰ ਹੈ। ਜ਼ਰੂਰੀ ਨਹੀਂ ਕਿ ਡਾਇਰੈਕਟਰ ਭਾਸ਼ਾ ਅਫ਼ਸਰ ਦੀ ਸਿਫ਼ਾਰਸ਼ ਨਾਲ ਸਹਿਮਤ ਹੋ ਜਾਵੇ ਅਤੇ ਕਸੂਰਵਾਰ ਮੁਲਾਜ਼ਮ ਵਿਰੁੱਧ ਵਿਭਾਗੀ ਕਾਰਵਾਈ ਦੀ ਸਿਫ਼ਾਰਸ਼ ਕਰ ਦੇਵੇ। ਫੇਰ ਕਸੂਰਵਾਰ ਮੁਲਾਜ਼ਮਾਂ ਨੂੰ ਸਜ਼ਾ ਦੇਣ ਦੀ ਪ੍ਰਕ੍ਰਿਆ ਬਹੁਤ ਲੰਬੀ ਹੈ। ਹਾਲੇ ਤੱਕ ਇਸ ਵਿਵਸਥਾ ਦੀ ਉਲੰਘਣਾ ਕਰਨ ਵਾਲੇ ਇੱਕ ਵੀ ਮੁਲਾਜ਼ਮ ਨੂੰ "ਤਾੜਨਾ" ਤੋਂ ਵੱਧ ਸਜ਼ਾ ਨਹੀਂ ਹੋਈ। ਜਦੋਂ ਕਿਸੇ ਨੂੰ ਸਜ਼ਾ ਹੋਣੀ ਹੀ ਨਹੀਂ ਤਾਂ ਭਾਸ਼ਾ ਅਫ਼ਸਰ ਭਾਈਚਾਰੇ ਨਾਲ ਵਿਗਾੜਨ ਦੀ ਥਾਂ ਚੁੱਪ ਰਹਿਣ ਨੂੰ ਪਹਿਲ ਦਿੰਦੇ ਹਨ। ਨਤੀਜਨ ਦਫ਼ਤਰਾਂ ਵਿਚ ਪੜਤਾਲ ਕੇਵਲ ਜਾਬਤਾ ਪੂਰਾ ਕਰਨ ਲਈ ਹੁੰਦੀ ਹੈ। ਪੰਜਾਬੀ ਨੂੰ ਸਹੀ ਅਰਥਾਂ ਵਿਚ ਲਾਗੂ ਕਰਾਉਣ ਦੇ ਉਦੇਸ਼ ਨਾਲ ਨਹੀਂ।

## ਸਜ਼ਾਵਾਂ ਦੀ ਵਿਵਸਥਾ

ਕਸੂਰਵਾਰ ਮੁਲਾਜ਼ਮਾਂ ਨੂੰ ਸਜ਼ਾ ਦੇਣ ਦੀ ਵਿਵਸਥਾ, ਭਾਸ਼ਾ ਐਕਟ ਦੀ ਧਾਰਾ 8-ਡੀ(1) ਕਰਦੀ ਹੈ। ਇਸ ਵਿਵਸਥਾ ਵਿਚ ਇੰਨੀਆਂ ਕਾਨੂੰਨੀ ਖਾਮੀਆਂ ਹਨ ਕਿ ਇਹ ਨਾ ਹੋਇਆਂ ਵਰਗੀ ਹੈ।

ਪਹਿਲਾਂ ਤਾਂ ਮੱਦ 'ਕਸੂਰਵਾਰ' ਦੀ ਪਰਿਭਾਸ਼ਾ ਅਸਪੱਸ਼ਟ ਅਤੇ ਕਮਜ਼ੋਰ ਹੈ। ਜੇ ਕੋਈ ਕਰਮਚਾਰੀ ਆਪਣੇ ਕੰਮ ਵਿਚ 'ਵਾਰ-ਵਾਰ' **(persistently)** ਕੁਤਾਹੀ ਕਰਦਾ ਹੈ ਤਾਂ ਹੀ ਉਸ ਨੂੰ ਕਸੂਰਵਾਰ ਮੰਨਿਆ ਜਾ ਸਕਦਾ ਹੈ(ਧਾਰਾ 8-ਡੀ(1))। ਉਲੰਘਣਾ ਸ਼ਬਦ ਅੱਗੇ 'ਵਾਰ-ਵਾਰ' ਸ਼ਬਦ ਦਰਜ ਹੋਣ ਕਾਰਨ ਇਹ ਸਪੱਸ਼ਟ ਨਹੀਂ ਹੈ ਕਿ ਕਰਮਚਾਰੀ ਨੂੰ ਕਿੰਨੀਆਂ ਗਲਤੀਆਂ ਬਾਅਦ ਸਜ਼ਾ ਦਿੱਤੀ ਜਾਣੀ ਹੈ। ਪ੍ਰਚੱਲਤ ਕਾਨੂੰਨੀ ਰਵਾਇਤ ਅਨੁਸਾਰ ਇਹ ਗਿਣਤੀ ਘੱਟੋ-ਘੱਟ ਤਿੰਨ ਹੋਣੀ ਚਾਹੀਦੀ ਹੈ।

ਦੂਜਾ, ਮੁਲਾਜ਼ਮ ਨੂੰ ਸਜ਼ਾ ਦੇਣ ਤੋਂ ਪਹਿਲਾਂ ਹੇਠ ਲਿਖੀ ਲੰਬੀ ਚੌੜੀ ਪ੍ਰਕ੍ਰਿਆ ਅਪਣਾਉਣੀ ਪੈਣੀ ਹੈ।

ਕੁਝ ਮੁੱਢਲੀਆਂ ਸ਼ਰਤਾਂ ਭਾਸ਼ਾ ਐਕਟ ਨੇ ਆਪ ਲਾਈਆਂ ਹਨ। (ੳ) ਕਸੂਰਵਾਰ ਮੁਲਾਜ਼ਮ ਨੂੰ ਸਜ਼ਾ ਦੇਣ ਦਾ ਅਧਿਕਾਰ ਕੇਵਲ ਮੁਲਾਜ਼ਮ ਦੇ ਵਿਭਾਗ ਦੇ ਉੱਚ ਅਧਿਕਾਰੀ ਨੂੰ ਹੈ। (ਅ) ਕਸੂਰਵਾਰ ਮੁਲਾਜ਼ਮ ਨੂੰ ਸਜ਼ਾ ਦੇਣ ਦੀ ਸਿਫ਼ਾਰਸ਼ ਡਾਇਰੈਕਟਰ ਭਾਸ਼ਾ ਵਿਭਾਗ ਵੱਲੋਂ ਕੀਤੀ ਗਈ ਹੋਵੇ। (ੲ) ਸਜ਼ਾ ਦੇਣ ਤੋਂ ਪਹਿਲਾਂ ਮੁਲਾਜ਼ਮ ਨੂੰ ਆਪਣਾ ਪੱਖ ਪੇਸ਼ ਕਰਨ ਲਈ ਮੌਕਾ ਦਿਤਾ ਜਾਵੇ। (ਸ) ਸਜ਼ਾ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮ 1970 ਅਨੁਸਾਰ ਹੋਵੇ।

## 1970 ਦੇ ਨਿਯਮਾਂ ਦੀਆਂ ਵਿਵਸਥਾਵਾਂ

**1970** ਦੇ ਨਿਯਮਾਂ ਅਨੁਸਾਰ ਕਸੂਰਵਾਰ ਮੁਲਾਜ਼ਮ ਨੂੰ ਦੋ ਤਰ੍ਹਾਂ ਦੀਆਂ ਸਜ਼ਾਵਾਂ ਦਿੱਤੀਆਂ ਜਾ ਸਕਦੀਆਂ ਹਨ। ਸਾਧਾਰਨ ਅਤੇ ਸਖ਼ਤ **(**ਨਿਯਮ **5)**। ਸਾਧਾਰਨ ਸਜ਼ਾ ਦੇ ਤੌਰ 'ਤੇ ਮੁਲਾਜ਼ਮ ਨੂੰ ਤਾੜਨਾ ਦੇ ਕੇ ਵੀ ਛੱਡਿਆ ਜਾ ਸਕਦਾ ਹੈ ਅਤੇ ਉਸ ਦੀਆਂ ਸਲਾਨਾ ਤਰੱਕੀਆਂ ਵੀ ਆਰਜ਼ੀ ਤੌਰ 'ਤੇ ਬੰਦ ਕੀਤੀਆਂ ਜਾ ਸਕਦੀਆਂ ਹਨ। ਸਖ਼ਤ ਸਜ਼ਾ ਦੇ ਤੌਰ 'ਤੇ ਮੁਲਾਜ਼ਮ ਦੀਆਂ ਸਲਾਨਾ ਤਰੱਕੀਆਂ ਨੂੰ ਪੱਕੇ ਤੌਰ 'ਤੇ ਬੰਦ ਕਰਨ ਤੋਂ ਲੈ ਕੇ ਉਸ ਨੂੰ ਨੌਕਰੀ ਤੋਂ ਬਰਖ਼ਾਸਤ ਤੱਕ ਕੀਤਾ ਜਾ ਸਕਦਾ ਹੈ। ਦੋਵੇਂ ਤਰ੍ਹਾਂ ਦੀ ਸਜ਼ਾਵਾਂ ਦੇਣ ਤੋਂ ਪਹਿਲਾਂ ਪੜਤਾਲ ਹੁੰਦੀ ਹੈ **(**ਨਿਯਮ **10)**। ਪੜਤਾਲ ਕਰਨ ਲਈ ਪੜਤਾਲੀਆ ਅਫ਼ਸਰ ਨਿਯੁਕਤ ਹੁੰਦਾ ਹੈ। ਦੋਹੇਂ ਧਿਰਾਂ ਵੱਲੋਂ ਆਪਣੇ-ਆਪਣੇ ਪੱਖ ਵਿਚ ਸਬੂਤ ਪੇਸ਼ ਕੀਤੇ ਜਾਂਦੇ ਹਨ। ਪੜਤਾਲੀਆ ਅਫ਼ਸਰ ਆਪਣੀ ਸਿੱਟਾ ਰਿਪੋਰਟ ਸਮਰੱਥ ਅਧਿਕਾਰੀ ਨੂੰ ਦਿੰਦਾ ਹੈ। ਫਿਰ ਸਮਰੱਥ ਅਧਿਕਾਰੀ ਇਹ ਫ਼ੈਸਲਾ ਕਰਦਾ ਹੈ ਕਿ ਗਲਤੀ ਸਜ਼ਾ ਯੋਗ ਹੈ ਜਾਂ ਨਹੀਂ । ਜੇ ਮੁਲਾਜ਼ਮ ਨੂੰ ਸਜ਼ਾ ਹੋ ਜਾਵੇ ਤਾਂ ਉਸ ਨੂੰ ਸਜ਼ਾ ਦੇਣ ਵਾਲੇ ਅਧਿਕਾਰੀ ਦੇ ਉੱਚ ਅਧਿਕਾਰੀ ਕੋਲ ਅਪੀਲ ਕਰਨ ਦਾ ਮੌਕਾ ਮਿਲਦਾ ਹੈ। ਲੋੜ ਪੈਣ 'ਤੇ ਉਹ ਅਦਾਲਤ ਦਾ ਦਰਵਾਜ਼ਾ ਵੀ ਖੜਕਾ ਸਕਦਾ ਹੈ। ਜੇ ਸਜ਼ਾ ਸਖ਼ਤ ਦੇਣੀ ਹੋਵੇ ਤਾਂ ਪੜਤਾਲ ਵੀ ਵਿਸਤ੍ਰਿਤ ਕਰਨੀ ਪੈਂਦੀ ਹੈ **(**ਨਿਯਮ **8,9)**।

ਇਸ ਤਰ੍ਹਾਂ**,** ਸਜ਼ਾ ਦੀ ਪ੍ਰਕ੍ਰਿਆ ਪੂਰੀ ਹੋਣ ਲਈ ਸਾਲਾਂ ਦੇ ਸਾਲ ਲੱਗ ਜਾਂਦੇ ਹਨ। ਇਹਨਾਂ ਨਿਯਮਾਂ ਵਿਚ ਦਰਜ ਪ੍ਰਕ੍ਰਿਆ ਅਪਣਾ ਕੇ ਜੇ ਮੁਲਾਜ਼ਮ ਨੂੰ ਤੀਜੀ ਗਲਤੀ 'ਤੇ ਹੀ ਸਜ਼ਾ ਦੇਣੀ ਹੈ ਤਾਂ ਉਸ ਨੂੰ ਸਾਰੀ ਨੌਕਰੀ ਦੌਰਾਨ ਸਜ਼ਾ ਨਹੀਂ ਦਿੱਤੀ ਜਾ ਸਕਦੀ।

ਕੁਝ ਸੁਝਾਅ

**1.** ਭਾਸ਼ਾ ਅਫ਼ਸਰਾਂ ਦੇ ਅਧਿਕਾਰ ਖੇਤਰ ਨੂੰ ਵਧਾਇਆ ਜਾਵੇ**:** ਕਾਨੂੰਨ ਦੀ ਇਸ ਵਿਵਸਥਾ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਾਉਣ ਲਈ ਪ੍ਰਸ਼ਾਸਨਿਕ ਦਫ਼ਤਰਾਂ ਵਿਚ ਹੁੰਦੇ ਕੰਮ-ਕਾਜ ਦੀ ਪੜਤਾਲ ਦਾ ਅਧਿਕਾਰ ਸਿੱਧਾ ਭਾਸ਼ਾ ਅਫ਼ਸਰਾਂ ਨੂੰ ਦਿੱਤਾ ਜਾਵੇ। ਭਾਸ਼ਾ ਅਫ਼ਸਰਾਂ ਲਈ ਹਰ ਮਹੀਨੇ, ਹਰ ਦਫ਼ਤਰ ਦੇ ਕੰਮ ਦੀ ਪੜਤਾਲ ਕਰਨੀ ਜ਼ਰੂਰੀ ਹੋਵੇ। ਅੱਜ-ਕੱਲ੍ਹ ਵਾਂਗ ਸਾਲ ਵਿਚ ਇੱਕ ਦੋ ਵਾਰ ਨਹੀਂ। ਮੌਜੂਦਾ ਐਕਟ ਵਿਚ ਭਾਸ਼ਾ ਅਫ਼ਸਰ ਦੀ ਜ਼ਿੰਮੇਵਾਰੀ ਕੇਵਲ ਕੰਮ-ਕਾਜ ਦੀ ਪੜਤਾਲ ਕਰਨ ਅਤੇ ਸਜ਼ਾ ਦੇਣ ਦੀ ਸਿਫ਼ਾਰਸ਼ ਕਰਨ ਤੱਕ ਸੀਮਿਤ ਹੈ। ਇਹਨਾਂ ਦੀ ਮੁੱਢਲੀ ਜ਼ਿੰਮੇਵਾਰੀ ਦੂਜੇ ਦਫ਼ਤਰਾਂ ਦੇ ਮੁਲਾਜ਼ਮਾਂ ਅਤੇ ਅਧਿਕਾਰੀਆਂ ਦੀਆਂ ਭਾਸ਼ਾ ਸਬੰਧੀ ਸਮੱਸਿਆਵਾਂ ਨੂੰ ਸੁਲਝਾਉਣ ਵਾਲੇ ਪੱਥ ਪ੍ਰਦਰਸ਼ਕ ਦੀ ਹੋਵੇ। ਮੁਲਾਜ਼ਮਾਂ ਨੂੰ ਪ੍ਰਬੰਧਕੀ ਸ਼ਬਦਾਵਲੀ, ਚਿੱਠੀ ਪੱਤਰ ਦੇ ਨਮੂਨੇ, ਕੰਪਿਊਟਰ ਦੀ ਸਿਖਲਾਈ, ਸਾਫ਼ਟਵੇਅਰ, ਕੀਅ ਬੋਰਡ ਅਤੇ ਹੋਰ ਲੋੜੀਂਦੀ ਸਮੱਗਰੀ ਉਪਲਬਧ ਕਰਾਉਣਾ, ਇਹਨਾਂ ਦੀ ਹੀ ਜ਼ਿੰਮੇਵਾਰੀ ਹੋਵੇ। ਸੈਮੀਨਾਰਾਂ ਅਤੇ ਵਰਕਸ਼ਾਪਾਂ ਰਾਹੀਂ ਕਰਮਚਾਰੀਆਂ ਨੂੰ ਸਿੱਖਿਅਤ ਕਰਨ ਵਿਚ ਉਸ ਨੂੰ ਲਗਾਤਾਰ ਰੁੱਝੇ ਰੱਖਿਆ ਜਾਵੇ।

**2.** ਮੁੱਖ ਦਫ਼ਤਰ ਅਤੇ ਸਕੱਤਰੇਤ ਦੇ ਕੰਮ-ਕਾਜ ਦੀ ਪੜਤਾਲ ਲਈ ਵੱਖਰਾ ਵਿਭਾਗ ਬਣਾਇਆ ਜਾਵੇ**:** ਪੰਜਾਬੀ ਭਾਸ਼ਾ ਦੇ ਦਫ਼ਤਰੀ ਕੰਮ-ਕਾਜ ਦਾ ਅਨਿੱਖੜਵਾਂ ਅੰਗ ਬਣਨ ਵਿਚ ਇੱਕ ਹੋਰ ਅੜਿੱਕਾ ਹੈ। ਜ਼ਿਲ੍ਹਾ ਭਾਸ਼ਾ ਅਫ਼ਸਰ ਕੇਵਲ ਆਪਣੇ ਜ਼ਿਲ੍ਹੇ ਦੇ ਦਫ਼ਤਰਾਂ ਵਿਚ ਹੀ ਪੜਤਾਲ ਕਰ ਸਕਦੇ ਹਨ। ਪੰਜਾਬ ਸਰਕਾਰ ਦੇ ਚੰਡੀਗੜ੍ਹ ਸਥਿਤ ਮੁੱਖ ਦਫ਼ਤਰਾਂ ਜਾਂ ਸਕੱਤਰੇਤ ਵਿਚ ਹੁੰਦੇ ਕੰਮ-ਕਾਜ ਨੂੰ ਘੋਖਣ ਦੀ ਜ਼ਿੰਮੇਵਾਰੀ ਜ਼ਿਲ੍ਹਾ ਭਾਸ਼ਾ ਅਫ਼ਸਰਾਂ ਦੇ ਅਧਿਕਾਰ ਖੇਤਰ ਵਿਚ ਨਹੀਂ ਆਉਂਦੀ। ਉਂਝ ਵੀ ਜ਼ਿਲ੍ਹਾ ਭਾਸ਼ਾ ਅਫ਼ਸਰਾਂ ਦੇ ਅਹੁਦੇ, ਇਹਨਾਂ ਦਫ਼ਤਰਾਂ ਦੇ ਮੁਖੀਆਂ ਦੇ ਅਹੁਦਿਆਂ ਤੋਂ ਬਹੁਤ ਛੋਟੇ ਹਨ। ਮੁੱਖ ਦਫ਼ਤਰਾਂ ਦੇ ਕੰਮ-ਕਾਜ ਦੀ ਪੜਤਾਲ ਕਰਨੀ ਇਹਨਾਂ ਲਈ ਸੰਭਵ ਨਹੀਂ। ਇਸ ਸਮੱਸਿਆ ਨੂੰ ਸੁਲਝਾਉਣ ਲਈ ਚੰਡੀਗੜ੍ਹ ਵਿਚ ਸਥਿਤ ਮੁੱਖ ਦਫ਼ਤਰਾਂ ਅਤੇ ਸਕੱਤਰੇਤ ਵਿਚ ਹੁੰਦੇ ਕੰਮ-ਕਾਜ ਦੀ ਪੜਤਾਲ ਲਈ ਇੱਕ ਵੱਖਰਾ ਵਿਭਾਗ ਸਥਾਪਤ ਹੋਵੇ। ਇਸ ਵਿਭਾਗ ਦਾ ਮੁਖੀ, ਵਧੀਕ ਮੁੱਖ ਸਕੱਤਰ ਭਾਸ਼ਾ ਵਿਭਾਗ, ਹੋ ਸਕਦਾ ਹੈ।

**3.** ਐਕਟ ਵਿਚ ਅਦਾਲਤੀ ਅਤੇ ਵਿਧਾਨ ਸਭਾ ਦੇ ਕੰਮ-ਕਾਜ ਦੀ ਪੜਤਾਲ ਕਰਨ ਦੀ ਵਿਵਸਥਾ ਵੀ ਹੋਵੇ**:** ਭਾਸ਼ਾ ਐਕਟ, ਰਾਜ ਸਰਕਾਰ ਦੇ ਕੇਵਲ ਪ੍ਰਸ਼ਾਸਨਿਕ ਦਫ਼ਤਰਾਂ **(**ਧਾਰਾ **3-**ਬੀ**)** ਦੇ ਕੰਮ-ਕਾਜ ਨੂੰ ਪੰਜਾਬੀ ਵਿਚ ਕੀਤੇ ਜਾਣ ਦੀ ਵਿਵਸਥਾ ਕਰਦਾ ਹੈ**(**ਧਾਰਾ **8-**ਏ**)**। ਇਸ ਤਰ੍ਹਾਂ ਅਸਿੱਧੇ ਢੰਗ ਨਾਲ ਅਦਾਲਤਾਂ **(**ਧਾਰਾ **3-**ਏ**)** ਅਤੇ ਵਿਧਾਨ ਸਭਾ **(**ਧਾਰਾ **5)** ਵਿਚ ਹੁੰਦੇ ਕੰਮ-ਕਾਜ ਨੂੰ ਪੜਤਾਲ ਦੇ ਘੇਰੇ ਵਿਚੋਂ ਬਾਹਰ ਰੱਖਿਆ ਗਿਆ ਹੈ। ਇਹ ਦੋਵੇਂ ਸੰਸਥਾਵਾਂ ਕਿਉਂਕਿ ਖ਼ੁਦਮੁਖਤਿਆਰ ਹਨ, ਇਸ ਲਈ ਆਪਣੇ ਕੰਮ ਵਿਚ ਭਾਸ਼ਾ ਵਿਭਾਗ ਦੀ ਦਖ਼ਲਅੰਦਾਜ਼ੀ ਬਰਦਾਸ਼ਤ ਨਹੀਂ ਕਰਦੀਆਂ। ਪੰਜਾਬ ਸਰਕਾਰ ਅਤੇ ਹਾਈ ਕੋਰਟ ਦੇ ਰਜਿਸਟਰਾਰ ਵਿਚਕਾਰ, ਇਸ ਵਿਸ਼ੇ ਨਾਲ ਸਬੰਧਤ **(**ਨਵੰਬਰ **2010)** ਵਿਚ ਹੋਈ ਇੱਕ ਮੀਟਿੰਗ ਦੌਰਾਨ ਹਾਈ ਕੋਰਟ ਨੇ ਇਹ ਮੰਨਸ਼ਾ ਪ੍ਰਗਟ ਵੀ ਕਰ ਦਿੱਤੀ ਸੀ। ਇਹਨਾਂ ਸੰਸਥਾਵਾਂ ਦੇ ਸਨਮਾਨ ਅਤੇ ਖ਼ੁਦਮੁਖਤਿਆਰੀ ਨੂੰ ਧਿਆਨ ਵਿਚ ਰੱਖਦੇ ਹੋਏ, ਇਹਨਾਂ ਸੰਸਥਾਵਾਂ

ਵਿਚ ਹੀ, ਇਹਨਾਂ ਦੀ ਦੇਖਰੇਖ ਵਿਚ ਵੱਖਰੇ ਪੜਤਾਲੀਆ ਵਿਭਾਗ ਸਥਾਪਤ ਕੀਤੇ ਜਾਣ। ਕੰਮ-ਕਾਜ ਪੰਜਾਬੀ ਵਿਚ ਹੋਣਾ ਚਾਹੀਦਾ ਹੈ। ਇਸ ਕਾਰਜ ਨੂੰ ਕਿਹੜਾ ਵਿਭਾਗ ਯਕੀਨੀ ਬਣਾਉਂਦਾ ਹੈ ਇਸ ਨੂੰ ਮਹੱਤਵ ਨਹੀਂ ਦੇਣਾ ਚਾਹੀਦਾ।

**4.** ਸਜ਼ਾ ਅਤੇ ਅਪੀਲ ਨਿਯਮ ਵਿਚ ਸੋਧ: ਦਫ਼ਤਰੀ ਕੰਮ-ਕਾਜ ਨੂੰ ਪੰਜਾਬੀ ਵਿਚ ਕੀਤੇ ਜਾਣ ਨੂੰ ਯਕੀਨੀ ਬਣਾਉਣ ਲਈ 'ਸਜ਼ਾ ਅਤੇ ਅਪੀਲ ਨਿਯਮਾਂ' ਵਿਚ ਸੋਧ ਕੀਤੀ ਜਾਵੇ। ਇਨਾਂ ਨਿਯਮਾਂ ਵਿਚ, ਇੱਕ ਵੱਖਰਾ ਨਿਯਮ ਜੋੜ ਕੇ, ਭਾਸ਼ਾ ਸਬੰਧੀ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਕਰਮਚਾਰੀ ਲਈ ਸਜ਼ਾ ਦੀ ਵੱਖਰੀ ਵਿਵਸਥਾ ਕੀਤੀ ਜਾਵੇ। ਨਵੇਂ ਨਿਯਮ ਵਿਚ ਅਜਿਹੀ ਸਜ਼ਾ ਨੂੰ ਸਾਧਾਰਨ ਸਜ਼ਾ ਘੋਸ਼ਿਤ ਕੀਤਾ ਜਾਵੇ। ਕਸੂਰਵਾਰ ਮੁਲਾਜ਼ਮ ਦੀਆਂ ਸਲਾਨਾ ਤਰੱਕੀਆਂ ਪੱਕੇ ਤੌਰ 'ਤੇ ਬੰਦ ਕਰਨ ਦੀ ਵਿਵਸਥਾ ਇਸ ਨਿਯਮ ਵਿਚ ਕੀਤੀ ਜਾਵੇ। ਅਜਿਹੀ ਸਜ਼ਾ ਦੇਣ ਤੋਂ ਪਹਿਲਾਂ ਹੋਣ ਵਾਲੀ ਪੜਤਾਲ ਦੀ ਪ੍ਰਕ੍ਰਿਆ ਸੰਖੇਪ **(summary)** ਹੋਵੇ। ਪੜਤਾਲੀਆ ਅਫ਼ਸਰ ਦੀ ਰਿਪੋਰਟ ਨੂੰ ਸਹੀ ਅਤੇ ਭਰੋਸੇਯੋਗ ਮੰਨ ਕੇ ਚੱਲਿਆ ਜਾਵੇ। ਭਾਸ਼ਾ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਗਵਾਹੀ ਲਈ ਨਾ ਬੁਲਾਇਆ ਜਾਵੇ। ਕਸੂਰਵਾਰ ਮੁਲਾਜ਼ਮ ਦਾ ਪੱਖ ਜਾਨਣ ਤੋਂ ਬਾਅਦ, ਸਮਰੱਥ ਅਧਿਕਾਰੀ ਮੁਲਾਜ਼ਮ ਦੇ ਕਸੂਰਵਾਰ ਹੋਣ ਜਾਂ ਨਾ ਹੋਣ ਦਾ ਸਿੱਧਾ ਫ਼ੈਸਲਾ ਦੇ ਸਕਦਾ ਹੋਵੇ। ਫ਼ੈਸਲੇ ਵਿਰੁੱਧ ਅਪੀਲ ਕਰਨ ਦਾ ਮੁਲਾਜ਼ਮ ਨੂੰ ਇੱਕੋ ਅਧਿਕਾਰ ਹੋਵੇ। ਮਾਮਲੇ ਨੂੰ ਅਦਾਲਤ ਵਿਚ ਘੜੀਸਣ 'ਤੇ ਰੋਕ ਹੋਵੇ। ਇਹ ਸਾਰੀ ਪ੍ਰਕ੍ਰਿਆ ਨਿਰਧਾਰਤ ਸਮੇਂ (ਵੱਧੋ-ਵੱਧ ਤਿੰਨ ਮਹੀਨੇ) ਵਿਚ ਸਮਾਪਤ ਹੋਵੇ। ਪਹਿਲੇ ਕਸੂਰ 'ਤੇ ਮੁਲਾਜ਼ਮ ਦੀਆਂ ਤਰੱਕੀਆਂ ਆਰਜ਼ੀ ਤੌਰ 'ਤੇ ਬੰਦ ਕੀਤੀਆਂ ਜਾਣ ਅਤੇ ਦੂਜੇ ਕਸੂਰ 'ਤੇ ਪੱਕੇ ਤੌਰ 'ਤੇ। ਵਾਰ-ਵਾਰ ਉਲੰਘਣਾ ਕਰਨ ਵਾਲੇ ਮੁਲਾਜ਼ਮਾਂ ਦੀ ਤਰੱਕੀ (ਪ੍ਰਮੋਸ਼ਨ) 'ਤੇ ਰੋਕ ਲੱਗੇ।

**5.** ਸਰਕਾਰ ਦੀ ਜ਼ਿੰਮੇਵਾਰੀ ਨਿਸ਼ਚਿਤ ਹੋਵੇ: ਸਰਕਾਰ ਦੀ ਕਾਰਗੁਜ਼ਾਰੀ ਦੀ ਸਲਾਨਾ ਰਿਪੋਰਟ ਹਰ ਸਾਲ ਵਿਧਾਨ ਸਭਾ ਵਿਚ ਪੇਸ਼ ਹੁੰਦੀ ਹੈ। ਇਸ ਰਿਪੋਰਟ ਵਿਚ, ਇਸ ਵਿਸ਼ੇ ਨਾਲ ਸਬੰਧਤ ਵਿਸਤ੍ਰਿਤ ਜਾਣਕਾਰੀ ਦੇਣਾ ਲਾਜ਼ਮੀ ਕੀਤਾ ਜਾਵੇ। ਵਿਰੋਧੀ ਸਿਆਸੀ ਧਿਰ, ਪੰਜਾਬੀ ਭਾਸ਼ਾ ਪ੍ਰਤੀ ਆਪਣੀ ਜ਼ਿੰਮੇਵਾਰੀ ਤਹਿ ਦਿਲੋਂ ਨਿਭਾਵੇ। ਸਰਕਾਰ ਦੀ ਅਣਗਹਿਲੀ 'ਤੇ ਸਖ਼ਤ ਟਿੱਪਣੀ ਕਰੇ।